Surrey Schools
LEADERSHIP IN LEARNING

Tel: 604.596.7733
www.sd36.bc.ca

# ਆਪਣੇ ਸਕੂਲਾਂ ਨੂੰ ਸੁਰਖਿਅੱਤ ਰਖੱਣਾ (ਸਫਾ 1)
## Keeping our Schools Safe

ਸੁਰਖਿੱਅਤ ਅਤੇ ਇੱਕ ਦੂਜੇ ਦੀ ਪਰਵਾਹ ਵਾਲੇ ਸਕੂਲ ਦਾ ਵਾਤਾਵਰਨ ਪੈਦਾ ਕਰਨਾ, ਜਿਥੇ ਹਰ ਵਿਦਿਆਰਥੀ ਪੜ੍ਹਾਈ ਵਿੱਚ, ਵਧੱਣ ਫੁਲੱਣ ਵਿੱਚ ਅਤੇ ਇਕੱ ਜ਼ਿਮੇਵਾਰ ਨਾਗਰਿਕਤਾ ਵਿੱਚ ਵੱਧ ਸਕਦਾ ਹੈ, ਸਰ੍ਹੀ ਸਕੂਲ਼ ਡਿਸਟਰਿਕਟ ਦਾ ਇਹ ਵਾਹਦਾ ਹੈ। ਇਸ ਤਰਾਂ ਦੇ ਸਕੂਲਾਂ ਵਿੱਚ ਇਹ ਨਹੀਂ ਹੁੰਦਾ:

- ਇੱਕ ਦੂਜੇ ਨਾਲ ਝਗੜੇ ਅਤੇ ਗਲਤ ਛੇੜਖਾਨੀ, ਹਮਲਾ ਕਰਨਾ ਜਾਂ ਧਮਕੀਆਂ ਦੇਣੀਆਂ
- ਕਿਸੇ ਵੀ ਕਿਸਮ ਦੀ ਹਿੰਸਾ
- ਜ਼ੁਬਾਨੀ ਜਾਂ ਸਰੀਰਕ ਤੌਰ ਓਪਰ ਕਿਸੇ ਦੀ ਬੇਇਜ਼ਤੀ ਕਰਨੀ ਜਾਂ ਕਰਦੇ ਰਹਿਣਾ
- ਭੇਦ ਭਾਵ ਕਰਨਾ
- ਚੋਰੀ ਕਰਨੀ ਜਾਂ
- ਚੀਜ਼ਾ ਦਾ ਨੁਕਸਾਨ ਕਰਨਾ

ਇਸ ਤਰਾਂ ਦੇ ਸਕੂਲਾਂ ਵਿੱਚ ਇਹ ਵਸਤੂਆਂ ਬਿਲਕੁਲ ਨਹੀਂ ਲਿਆਦੀਆਂ ਜਾ ਸਕਦੀਆਂ:

- ਨਸ਼ਿਆਂ ਵਾਲੇ ਪਦਾਰਥ
- ਹਥਿਆਰ ਜਾਂ ਧਮਾਕੇ ਵਾਲੇ ਪਦਾਰਥ
- ਬਿਨਾਂ ਇਜ਼ਾਜ਼ਤ ਤੋਂ ਸਕੂਲਾਂ ਵਿੱਚ ਘੁਸੜਨਾ ਜਾਂ ਲੰਘਣਾ

ਨਿਯਮਾਂ ਦੀ ਇੱਕ ਅਸਰਦਾਰ ਤਰੀਕੇ ਨਾਲ ਪਾਲਣਾਂ ਕਰਨ ਦੀ ਜ਼ਿਮੇਵਾਰੀ ਇਹਨਾਂ ਸਾਰਿਆਂ ਦੇ ਸਿਰ ਓਪਰ ਹੈ: ਸਕੂਲ ਡਿਸਟਰਿਕਟ, ਹਰ ਇੱਖ ਸਕੂਲ, ਮਾਪੇ ਜਾਂ ਬੱਚਿਆਂ ਦੀ ਦੇਖ ਭਾਲ ਕਰਨ ਵਾਲੇ, ਭਾਈ ਚਾਰਾ, ਸਮਾਜਿਕ ਸੰਸਥਾਂਵਾਂ ਅਤੇ ਪੁਲੀਸ ਦੇ ਅਧਿਕਾਰੀ। ਸਕੂਲ ਡਿਸਟਰਿਕਟ ਇਹਨਾਂ ਸਾਰਿਆਂ ਦੀ ਜ਼ਿਮੇਵਾਰੀ ਨੂੰ ਸਮਝਦੀ ਹੋਈ ਅਤੇ ਮਨਜੂਰ ਕਰਦੀ ਹੋਈ ਸੁਰਖਿਅੱਤ ਅਤੇ ਪਿਆਰ ਵਾਲੇ ਸਕੂਲ ਸਥਾਪਿਤ ਕਰਨ ਦੀ ਕੋਸ਼ਿਸ਼ ਕਰਦੀ ਹੈ।

ਵਿਦਿਆਰਥੀਆਂ ਤੋਂ ਇਹ ਆਸ ਰੱਖੀ ਜਾਂਦੀ ਹੈ ਕਿ ਓਹ:

- ਕਿਸੇ ਵੀ ਕਿਸਮ ਦੀ ਹਿੰਸਾ ਵਿੱਚ ਭਾਗ ਨਹੀਂ ਲੈਣਗੇ ਅਤੇ ਨਾ ਹੀ ਕਿਸੇ ਵੀ ਕਿਸਮ ਦੀ ਹਿੰਸਾ ਦੀ ਵਧੀਕੀ ਵਿੱਚ ਭਾਗ ਲੈਣਗੇ
- ਹਿੰਸਾ ਵਾਲੀਆਂ ਘਟਨਾਵਾਂ ਤੋਂ ਬਚਣ ਅਤੇ ਬਚਾਓਣ ਦੀ ਕੋਸ਼ਿਸ਼ ਕਰਨਗੇ
- ਕਿਸੇ ਵੀ ਕਿਸਮ ਦੇ ਹਥਿਆਰ ਜਾਂ ਹਥਿਆਰ ਵਰਗੇ ਖਿਡੌਣੇ ਨੂੰ ਨਾਂ ਲਿਆਓਣਗੇ, ਨਾ ਵਰਤਣਗੇ ਨਾਂ ਦਿਖਾਵਾ ਕਰਨਗੇ
- ਨਸ਼ੀਲੇ ਪਦਾਰਥਾਂ ਨੂੰ ਨਾ ਵਰਤਣਗੇ, ਨਾਂ ਲਿਆਓਣਗੇ ਅਤੇ ਨਾਂ ਵੇਚਣਗੇ
- ਇਨੰਟਰਨੈਟੱ ਵਰਤਣ ਸਮੇਂ ਸੁਖਾਂਦੇ ਨਿਯਮਾਂ ਦੀ ਪਾਲਣਾ ਕਰਨਗੇ
- ਜਾਇਦਾਦ ਅਤੇ ਵਸਤੂਆਂ ਦੀ ਦੇਖ ਭਾਲ ਕਰਨਗੇ, ਚੋਰੀ, ਭੰਨਣਾਂ ਤੋੜਣਾ ਜਾਂ ਗਲਤ ਲਿਖਤਾ ਵਿੱਚ ਭਾਗ ਨਹੀਂ ਲੈਣਗੇ
- ਸਕੂਲਾਂ ਵਿੱਚ ਅਤੇ ਡਿਸਟਰਿਕਟ ਦੀ ਜਾਇਦਾਦ ਦੇ ਅੰਧਰ ਸਿਗਰਟ ਨਹੀਂ ਪੀਣਗੇ
- ਸਕੂਲ ਦੀ ਜਾਇਦਾਦ ਅੰਦਰ ਸਕੂਲ ਵਲੋਂ ਮਨਜੂਰ ਕੀਤੇ ਹੋਏ ਕੰਮਾਂ ਵਿੱਚ ਹੀ ਹਿੱਸਾ ਲ਼ੇਣ ਲਈ ਆਓਣਗੇ
- ਸਕੂਲ ਦੇ ਅੰਦਰ ਅਤੇ ਸਕੂਲ ਦੇ ਕਾਜਾਂ ਵਿੱਚ ਗਲਤ ਸ਼ਬਦ ਜਾਂ ਗਾਲਾਂ ਤੋਂ ਗਰੇਜ਼ ਕਰਨਗੇ
- ਸਕੂਲਾਂ ਵਿੱਚ ਸਿੱਖਣ ਲਈ ਆਓਣਗੇ ਅਤੇ ਸਕੂਲ ਦਾ ਇੱਕ ਨਿਯਮਾਂ ਵਾਲਾ ਅਤੇ ਸ਼ਾਂਤਮਈ ਵਾਤਾਵਰਨ ਬਣਾਓਣਗੇ
- ਪੜ੍ਹਾਈ ਵਿੱਚ ਨਕਲ ਨਹੀਂ ਮਾਰਨਗੇ, ਕਿਸੇ ਦਾ ਕੀਤਾ ਕੰਮ ਚੋਰੀ ਨਹੀਂ ਕਰਨਗੇ ਅਤੇ ਝੂਠੀ ਪਛਾਣ ਨਹੀਂ ਦੇਣਗੇ

Tel: 604.596.7733
Fax: 604.596.7941
www.sd36.bc.ca

# ਆਪਣੇ ਸਕੂਲਾਂ ਨੂੰ ਸੁਰਖਿੱਅਤ ਰਖੱਣਾ (ਸਫਾ 2)
## Keeping Our schools safe

## ਮਾਪਿਆਂ ਅਤੇ ਬੱਚਿਆਂ ਦੀ ਦੇਖ ਭਾਲ ਵਾਲਿਆਂ ਲਈ ਬੇਨਤੀ:

1. ਸਕੂਲ ਡਿਸਟਰਿਕਟ ਦੀ ਧਮਕੀ ਦੀ ਨਿਰਧਾਰਨ ਨੀਤੀ (ਥਰੈਟੱ ਅਸੈਸਮੈਂਟ) ਤੋਂ ਜਾਣੂ ਹੋਵੋ, ਆਪਣੇ ਸਕੂਲ ਰਾਹੀਂ
2. ਸਕੂਲ ਬੋਰਡ ਦੀ ਨੀਤੀਆਂ ਅਧਾਰਤ ਸਕੂਲਾਂ ਵਿੱਚ ਪੇਸ਼ ਆਓ ਅਤੇ ਬੱਚਿਆਂ ਨੂੰ ਇਹਨਾਂ ਨੀਤੀਆਂ ਦੀ ਪਾਲਣਾ ਲਈ ਪ੍ਰੇਰੋ
3. ਬੱਚਿਆਂ ਦੀ ਪੜ੍ਹਾਈ, ਸਮਾਜਿਕ ਅਤੇ ਮਾਨਸਿਕ ਭਲਾਈ ਲਈ ਸਕੂਲ ਨਾਲ ਰਲ ਮਿਲ ਕੇ ਚਲੋ
4. ਜਦੋਂ ਸਕੂਲ ਵਲੋਂ ਬੱਚਿਆਂ ਨੂੰ ਨਿਯਮਾਂ ਦੀ ਪਾਲਣਾ ਕਰਨ ਲਈ ਕਿਹਾ ਜਾਂਦਾ ਹੈ ਤਾਂ ਸਕੂਲ ਦੇ ਸਾਥੀ ਬਣੋ
5. ਬੱਚਿਆਂ ਨੂੰ ਲਗਾਤਾਰ ਸਕੂਲ ਵਿੱਚ ਆਓਣ ਲਈ ਪ੍ਰੇਰੋ
6. ਅਗਰ ਬੱਚਾ ਸਕੂਲ ਨਹੀਂ ਆ ਰਿਹਾ ਤਾਂ ਫੋਨ ਕਰਕੇ ਸਕੂਲ ਜ਼ਰੂਰ ਦੱਸ ਦਿਓ।

## ਮਦਦ ਲਈ ਤੁਸੀਂ ਫੋਨ ਕਰ ਸਕਦੇ ਹੋ:

ਸਕੂਲ ਦੇ ਪ੍ਰਿੰਸੀਪਲ ਨੂੰ, ਸਕੂਲ ਦੇ ਕਾਂਊਸਲਰ ਨੂੰ, ਸਕੂਲ ਦੇ ਪੁਲੀਸ ਦੇ ਅਧਿਕਾਰੀ ਨੂੰ, ਸੇਫ ਸਕੂਲਜ਼ ਦੇ ਮੈਨੇਜਰ ਨੂੰ

## ਇਹ ਨੀਤੀ ਕਿਸ ਓਪਰ ਲਾਗੂ ਹੁੰਦੀ ਹੈ?

ਸੁਰਿਖੱਅਤ ਅਤੇ ਇਕ ਦੂਜੇ ਦੀ ਬੇਪਰਵਾਹੀ ਲਈ ਨੀਤੀ ਸਕੂਲ ਵਿੱਚ ਹਾਜ਼ਿਰ ਸਾਰੇ ਵਿਅਕਤੀਆਂ ਓਪਰ ਅਤੇ ਸਕੂਲਾਂ ਵਿੱਚ ਚਲ ਰਹੇ ਸਾਰੇ ਸਮਾਗਮਾਂ ਵਿੱਚ ਸਾਰੇ ਹਿੱਸਾ ਲੈ ਰਹੇ ਵਿਅਕਤੀਆਂ ਓਪਰ ਲਾਗੂ ਹੁੰਦੀ ਹੈ। ਇਹ ਨੀਤੀ ਨੰਬਰ 9410,9410.1 ਅਤੇ 9410.2 ਇਨਟਰਨੈਟੱ ਰਾਹੀਂ ਡਿਸਟਰਿਕਟ ਦੀ ਵੈਬ ਸਾਈਟ ਓਪਰ ਜਨਰਲ ਇਨਫੋ ਥੱਲੇ ਦੇਖੀ ਜਾ ਸਕਦੀ ਹੈ।

## ਕੀ ਕੀਤਾ ਜਾ ਰਿਹਾ ਹੈ?

ਕਿਸੇ ਵੀ ਸੰਭਵ ਸਮਸਿਆ ਦੇ ਆਓਣ ਤੋਂ ਪਹਿਲਾਂ ਸਕੂਲ ਡਿਸਟਰਿਕਟ ਵਲੋਂ ਸੁਰਖਿੱਆ ਲਈ ਕਈ ਸਾਧਨ ਵਰਤੇ ਗਏ ਹਨ:

- ਇੱਕ ਮੈਨੇਜਰ ਸੁਰਖਿੱਅਕ ਸਕੂਲਾਂ ਦੇ ਬਣਾਓਣ ਲਈ ਲਿਆਂਦਾ ਗਿਆ
- ਨਸ਼ੀਲਿਆਂ ਪਦਾਰਥਾਂ ਦੀ ਵਰਤੋਂ ਨਾ ਕਰਨ ਲਈ ਅਤੇ ਸਿਖਿੱਆ ਦੇਣ ਲਈ ਕਰਮਚਾਰੀ ਲਏ ਗਏ ਹਨ
- ਇੱਕ ਨੌਜਵਾਨ ਭਿੰਨਤਾ ਕਰਮਚਾਰੀ ਲਿਆ ਗਿਆ ਤਾਂ ਕਿ ਸਾਰੇ ਸਮਾਜਾਂ ਤੋਂ ਆਏ ਬੱਚਿਆਂ ਦੀ ਮਦਦ ਹੋ ਸਕੇ
- ਸਕੂਲਾਂ ਵਿੱਚ ਅਤੇ ਕਲਾਸਾਂ ਵਿੱਚ ਬੱਚਿਆਂ ਦੀ ਸੁਰਖਿੱਆਂ ਲਈ ਨੀਤੀਆਂ ਅਪਣਾਈਆਂ, ਸਭੰਵ ਸਮਸਿੱਆਂਵਾਂ ਲਈ
- ਬੱਚਿਆਂ ਦੇ ਆਪਸੀ ਸੰਬਧ ਵਧੀਆ ਕਰਨ ਲਈ ਨਿਪੁਣਤਾ ਦੀ ਵਰਤੋਂ
- ਸਮਸਿਆਂਵਾਂ ਸਬੰਧੀ ਸਕੂਲ ਦੇ ਕਰਮਚਾਰੀ, ਮਾਪਿਆਂ ਅਤੇ ਵਿਦਿਆਂਰਥੀਆਂ ਲਈ ਸਿੱਖਿਆ
- ਵਿਡੀਓ ਅਤੇ ਲਿਖਤ ਰੂਪਾਂ ਵਿੱਚ ਵਿਦਿਆਰਥੀਆਂ, ਕਰਮਚਾਰੀਆਂ ਅਤੇ ਮਾਪਿਆਂ ਲਈ ਸਿਖਿੱਆ
- ਹਰ ਸਕੂਲ ਵਿੱਚ ਇਕ ਰਹਿਣ ਸਹਿਣ ਦੇ ਵਰਤਾਓ ਦੀ ਨੀਤੀ ਨੂੰ ਤਿਆਰ ਕਰਨਾਂ ਅਤੇ ਸਾਰਿਆਂ ਨਾਲ ਸਾਂਝੀ ਕਰਨਾ
- ਵਿਦਿਆਰਥੀਆਂ ਦੇ ਵਧੀਆ ਵਰਤਾਓ ਨੂੰ ਸਨਮਾਨਿਤਾ ਦੇਣੀ
- ਨਿਯਮਾਂ ਦੇ ਪਾਲਣ ਲਈ ਵਿਦਿਆਰਥੀਆਂ ਨੂੰ ਨੀਤੀਆਂ ਬਾਰੇ ਵਿਦਿਆ ਦੇਣੀ
- ਜਿਹਨਾਂ ਬੱਚਿਆਂ ਨੂੰ ਖਾਸ ਮਦਦ ਦੀ ਲੋੜ ਹੈ, ਓਹਨਾਂ ਲਈ ਵਿਸ਼ੇਸ਼ ਵਿਦਿਆ ਵਾਲੇ ਕਰਮਚਾਰੀਆਂ ਦੀ ਹਾਜ਼ਰੀ
- ਕਾਨੂੰਨੀ ਜਥੇਬੰਦੀਆਂ ਅਤੇ ਸਮਾਜਿਕ ਸੰਸਥਾਂਵਾਂ ਨਾਲ ਰਲ ਮਿਲ ਕੇ ਚਲਣਾ